Alberta

# ਸਟੇਟਮੈਂਟ ਆਫ ਲੌਸ ਐਂਡ ਡੈਮੇਜ

# ਵਿਅਕਤੀਗਤ ਬਿਨੈ-ਪੱਤਰ

ਐਲਬਰਟਾ ਐਮਰਜੈਂਸੀ ਮੈਨੇਜਮੈਂਟ ਏਜੰਸੀ

ਬਿਨੈ-ਪੱਤਰ ਨੰ:

ਤਰੀਕ ਪਹਿਲੀਵਾਰ ਪ੍ਰਭਾਵਤ ਸਾਲ ਮਹੀਨਾ ਦਿਨ

ਸੁਰੱਖਿਅਤ ਏ (ਜਦੋਂ ਭਰਿਆ ਗਿਆ)

ਜਾਣਕਾਰੀ, ਸਮੇਤ ਨਿੱਜੀ ਜਾਣਕਾਰੀ, ਸਹਾਇਤਾ ਵਾਸਤੇ ਕੀਤੀ ਗਈ ਤੁਹਾਡੀ ਬੇਨਤੀ ਦੇ ਨਿਪਟਾਰੇ ਲਈ ਡਿਜ਼ਾਸਟਰ ਰਿਕਵਰੀ ਪ੍ਰੋਗਰਾਮ (DRP) ਤਹਿਤ ਇੱਕਤਰ ਕੀਤੀ ਜਾਂਦੀ ਹੈ। ਇਹ ਇਕੱਤਰੀਕਰਨ ਫਰੀਡਮ ਆਫ ਇੰਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ (*FOIP*) ਐਕਟ ਦੇ ਸੈਕਸ਼ਨ 33 (ਸੀ) ਤਹਿਤ ਅਧਿਕਾਰਤ ਹੈ, ਅਤੇ ਇਸ ਦਾ *FOIP* ਐਕਟ ਦੀਆਂ ਗੁਪਤਤਾ ਦੀਆਂ ਧਾਰਾਵਾਂ ਦੇ ਅਨੁਸਾਰ ਪ੍ਰਬੰਧਨ ਕੀਤਾ ਜਾਵੇਗਾ। ਜੇਕਰ ਤੁਹਾਡੀ ਜਾਣਕਾਰੀ ਇਕੱਤਰ ਕਰਨ ਸਬੰਧੀ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਐਲਬਰਟਾ ਮਿਊਂਸਿਪਲ ਅਫੇਅਰਜ਼, ਐਲਬਰਟਾ ਐਮਰਜੈਂਸੀ ਮੈਨੇਜਮੈਂਟ ਏਜੰਸੀ (AEMA), 9515 -107 ਸਟਰੀਟ, ਫਿਫਥ ਫਲੋਰ, ਐਡਮਿੰਟਨ, ਐਲਬਰਟਾ ਟੀ5ਕੇ 2ਸੀ1 ਨਾਲ ਟੈਲੀਫੋਨ 1-888-671-1111 ਰਾਹੀਂ ਜਾਂ drp.info@gov.ab.ca .'ਤੇ ਈਮੇਲ ਰਾਹੀਂ ਸੰਪਰਕ ਕਰੋ।

ਪ੍ਰੋਗਰਾਮ

**ਬਿਨੈ-ਪੱਤਰ ਦੀ ਜਾਣਕਾਰੀ**– ਜੇਕਰ ਤੁਸੀਂ ਘਰ ਦੇ ਮਾਲਕ ਹੋ, ਜਿਵੇਂ ਪ੍ਰਾਪਰਟੀ ਦੇ ਲੈਂਡ ਟਾਈਟਲ 'ਤੇ ਦਰਜ਼ ਕੀਤਾ ਗਿਆ ਅਤੇ ਘਟਨਾਂ ਦੇ ਸਮੇਂ ਨੁਕਸਾਨਗ੍ਰਸਤ ਘਰ ਤੁਹਾਡੀ ਮੁੱਖ ਰਿਹਾਇਸ਼ ਸੀ, ਤਾਂ ਤੁਸੀਂ ਸਮੱਗਰੀ/ਸਮਾਨ ਨੂੰ ਪੁੱਜੇ ਨੁਕਸਾਨ ਅਤੇ ਮੁਰੰਮਤ ਵਾਸਤੇ ਸਹਾਇਤਾ ਲੈਣ ਲਈ ਯੋਗ ਹੋ ਸਕਦੇ ਹੋ। ਜੇਕਰ ਤੁਸੀਂ ਪ੍ਰਾਪਰਟੀ 'ਤੇ ਕਿਰਾਏਦਾਰ ਵਜੋਂ ਰਹਿੰਦੇ ਹੋ, ਅਤੇ ਪ੍ਰਾਪਰਟੀ ਦੇ ਲੈਂਡ ਟਾਈਟਲ ਉੱਪਰ ਦਰਜ਼ ਅਨੁਸਾਰ ਮਾਲਕ ਨਹੀਂ, ਤਾਂ ਤੁਸੀਂ ਕੇਵਲ ਸਮੱਗਰੀ/ਸਮਾਨ ਨੂੰ ਪੁੱਜੇ ਨੁਕਸਾਨ ਵਾਸਤੇ ਸਹਾਇਤਾ ਲਈ ਯੋਗ ਹੋ ਸਕਦੇ ਹੋ।

**ਕਿਰਪਾ ਕਰਕੇ ਕੇਵਲ ਇਕ ਚੁਣੋ:**

- ਘਰ ਮਾਲਕ (ਮੁੱਖ ਰਿਹਾਇਸ਼, ਜਿਵੇਂ ਇਹ ਪ੍ਰਾਈਵੇਟ ਸੈਕਟਰ ਡਿਜ਼ਾਸਟਰ ਅਸਿਸਟੈਂਸ ਗਾਈਡਲਾਈਨਾਂ 'ਚ ਪ੍ਰਭਾਸ਼ਤ ਕੀਤੀ ਗਈ)
- ਕੌਂਡੋ ਮਾਲਕ
- ਕਿਰਾਏਦਾਰ

## ਬਿਨੈਕਾਰ ਦੀ ਜਾਣਕਾਰੀ

ਪਹਿਲਾ ਨਾਂ | ਮਗਰਲਾ ਨਾਂ

ਡਾਕ ਵਾਸਤੇ ਐਡਰੈੱਸ (ਮੁਕੰਮਲ ਸਟਰੀਟ ਐਡਰੈੱਸ ਜਾਂ ਪੋਸਟ ਆਫਿਸ ਬਾਕਸ) | ਸ਼ਹਿਰ ਜਾਂ ਨਗਰ | ਸੂਬਾ | ਪੋਸਟਲ ਕੋਡ

ਈ ਮੇਲ ਐਡਰੈੱਸ | ਫੋਨ

☐ ਜੇਕਰ ਤੁਸੀਂ ਲੈਂਡ ਟਾਈਟਲ ਉੱਪਰ ਪ੍ਰਾਪਰਟੀ ਦੇ ਮਾਲਕ ਹੋ ਤਾਂ ਬਾਕਸ 'ਚ ਸਹੀ ਲਗਾਉ।

☐ ਜੇਕਰ ਇਹ ਤੁਹਾਡੀ ਮੁੱਖ ਰਿਹਾਇਸ਼ ਹੈ ਤਾਂ ਬਾਕਸ 'ਚ ਸਹੀ ਲਗਾਉ

## ਸਹਿ-ਬਿਨੈਕਾਰ ਦੀ ਜਾਣਕਾਰੀ

ਪਹਿਲਾ ਨਾਂ | ਮਗਰਲਾ ਨਾਂ

ਡਾਕ ਵਾਸਤੇ ਐਡਰੈੱਸ (ਮੁਕੰਮਲ ਸਟਰੀਟ ਐਡਰੈੱਸ ਜਾਂ ਪੋਸਟ ਆਫਿਸ ਬਾਕਸ) | ਸ਼ਹਿਰ ਜਾਂ ਨਗਰ | ਸੂਬਾ | ਪੋਸਟਲ ਕੋਡ

ਈ ਮੇਲ ਐਡਰੈੱਸ | ਫੋਨ

☐ ਜੇਕਰ ਤੁਸੀਂ ਲੈਂਡ ਟਾਈਟਲ ਉੱਪਰ ਪ੍ਰਾਪਰਟੀ ਦੇ ਮਾਲਕ ਹੋ ਤਾਂ ਕਿਰਪਾ ਕਰਕੇ ਬਾਕਸ 'ਚ ਸਹੀ ਲਗਾਉ। ਜੇਕਰ ਤੁਹਾਡਾ ਨਾਂ ਲੈਂਡ ਟਾਈਟਲ ਉੱਪਰ ਨਹੀਂ ਤਾਂ ਬਾਕਸ 'ਚ ਸਹੀ ਲਗਾਉ।

**ਬਦਲਵੀਂ ਸੰਪਰਕ ਜਾਣਕਾਰੀ -** ਤੁਸੀਂ ਸਾਡੇ ਦਫਤਰ ਨੂੰ ਕਿਸੇ 'ਬਦਲਵੇਂ ਵਿਅਕਤੀ ਨਾਲ ਸੰਪਰਕ ਕਰਨ ਲਈ ਹਿਦਾਇਤ ਦੇਣ ਦੀ ਚੋਣ ਕਰ ਸਕਦੇ ਹੋ, ਜਿਸ ਵਿਅਕਤੀ ਨੂੰ ਇਸ ਫਾਈਲ ਨਾਲ ਸਬੰਧਤ ਜਾਣਕਾਰੀ ਤੱਕ ਪਹੁੰਚ ਹਾਸਲ ਹੋਵੇ। ਬਦਲਵੇਂ ਸੰਪਰਕ ਵਾਲੇ ਵਿਅਕਤੀ ਨੂੰ ਤੁਹਾਡੇ ਬਿਨੈ-ਪੱਤਰ ਨਾਲ ਜਾਣ-ਪਛਾਣ ਹੋਣੀ ਚਾਹੀਦੀ ਹੈ।

ਪਹਿਲਾ ਨਾਂ | ਮਗਰਲਾ ਨਾ

ਡਾਕ ਵਾਸਤੇ ਐਡਰੈੱਸ (ਮੁਕੰਮਲ ਸਟਰੀਟ ਐਡਰੈੱਸ ਜਾਂ ਪੋਸਟ ਆਫਿਸ ਬਾਕਸ) | ਸ਼ਹਿਰ ਜਾਂ ਨਗਰ | ਸੂਬਾ | ਪੋਸਟਲ ਕੋਡ

ਈ ਮੇਲ ਐਡਰੈੱਸ | ਫੋਨ

☐ ਇਸ ਫਾਈਲ ਬਾਰੇ ਸਾਰੇ ਚਿੱਠੀ ਪੱਤਰਾਂ 'ਚ ਸੰਪਰਕ ਵਾਲੇ ਬਦਲਵੇਂ ਵਿਅਕਤੀ ਨੂੰ ਸ਼ਾਮਲ ਕਰੋ

**ਨੁਕਸਾਨ-ਗ੍ਰਸਤ ਪ੍ਰਾਪਰਟੀ ਦਾ ਐਡਰੈੱਸ** – ਲਾਗੂ ਹੁੰਦੇ ਬਾਕਸ 'ਚ ਦੱਸੋ ਜਿੱਥੇ AEMA ਦਾ ਮੁਲਾਂਕਣਕਰਤਾ ਨੁਕਸਾਨ ਨੂੰ ਜਾਂਚਣ ਵਾਸਤੇ ਵੇਖਣ ਆਵੇਗਾ।

○ ਉਹੀ ਜੋ ਉੱਪਰ ਬਿਨੈਕਾਰ ਦਾ ਐਡਰੈੱਸ ○ ਹੇਠਾਂ ਦਰਜ ਐਡਰੈੱਸ

| ਸਿਵਿਕ ਐਡਰੈੱਸ (ਮੁਕੰਮਲ ਸਟਰੀਟ ਐਡਰੈੱਸ ਜਾਂ ਪੋਸਟ ਆਫਿਸ ਬਾਕਸ) | ਸ਼ਹਿਰ ਜਾਂ ਨਗਰ | ਸੂਬਾ | ਪੋਸਟਲ ਕੋਡ |
|---|---|---|---|
| | | | |

ਨੁਕਸਾਨਗ੍ਰਸਤ ਪੇਂਡੂ ਪ੍ਰਾਪਰਟੀ ਐਡਰੈੱਸ ਦੀ ਮਿਊਂਸਪੈਲਿਟੀ (ਸ਼ਾਮਲ ਕਰੋ Qtr/Sec/TWP/RGE/ or WEST ਜਿਵੇਂ ਜ਼ਰੂਰੀ ਹੋਵੇ)

| ਪ੍ਰਾਪਰਟੀ ਦੀ ਲੀਗਲ ਲੈਂਡ ਡਿਸਕ੍ਰਿਪਸ਼ਨ ਮਿਊਂਸਪੈਲਿਟੀ | LINC ਨੰਬਰ (ਲੈਂਡ ਆਈਡੈਂਟੀਫਿਕੇਸ਼ਨ ਨੰਬਰ ਕੋਡ) |
|---|---|
| | |

| ਪਲੈਨ | ਬਲਾਕ | ਲਾਟ | ਸਬਡਿਵੀਜ਼ਨ |
|---|---|---|---|
| | | | |

ਕੀ ਪ੍ਰਾਪਰਟੀ 'ਚ ਕੋਈ ਕਿਰਾਏਦਾਰ ਰਹਿ ਰਹੇ ਹਨ? ○ ਹਾਂ ○ ਨਹੀਂ

ਕੀ ਪ੍ਰਾਪਰਟੀ 'ਚ ਕੋਈ ਹੋਰ ਵਿਅਕਤੀ ਜਾਂ ਪਰਿਵਾਰ ਮੈਂਬਰ ਰਹਿ ਰਹੇ ਹਨ? ○ ਹਾਂ ○ ਨਹੀਂ

| ਜੇਕਰ ਉੱਪਰ ਹਾਂ ਹੈ ਤਾਂ, ਹੇਠਾਂ ਦਿੱਤੀ ਥਾਂ 'ਚ ਹੋਰ ਵਿਅਕਤੀਆਂ ਜਾਂ ਪਰਿਵਾਰ ਮੈਂਬਰਾਂ ਦੇ ਨਾਂ ਮੁਹੱਈਆ ਕਰੋ। | ਉਮਰ |
|---|---|
| | |
| | |
| | |
| | |

**ਨੁਕਸਾਨ ਦੀ ਕਿਸਮ (ਜੋ ਲਾਗੂ ਹਨ ਉਨ੍ਹਾਂ ਸਾਰਿਆਂ ਨਾਲ ਸਹੀ ਲਗਾਉ)**

☐ ਜ਼ਮੀਨ ਉੱਪਰ ਹੜ੍ਹ ☐ ਪਾਣੀ ਸਿੰਮਿਆ ☐ ਸਿਊਰ-ਬੈਕਅੱਪ

☐ ਹੋਰ (ਕਿਰਪਾ ਕਰਕੇ ਦੱਸੋ)

**ਪਾਣੀ ਨਾਲ ਸਬੰਧਤ ਘਟਨਾਵਾਂ ਵਾਸਤੇ, ਵੱਧ ਤੋਂ ਵੱਧ ਲੈਵਲ, ਪ੍ਰਭਾਵਤ ਬਿਲਡਿੰਗ/ਬਿਲਡਿੰਗਾਂ 'ਚ ਪਾਣੀ ਕਿੰਨਾਂ ਕੁ ਉੱਚਾ ਚੜ੍ਹਿਆ ਸੀ?**

○ 2 ਇੰਚ ਤੋਂ ਘੱਟ ○ 2 ਇੰਚ ਤੋਂ 6 ਇੰਚ ○ 6 ਇੰਚ ਤੋਂ 2 ਫੁੱਟ ○ 2 ਫੁੱਟ ਤੋਂ 4 ਫੁੱਟ ○ 4 ਫੁੱਟ ਤੋਂ ਵੱਧ

**ਇੰਸ਼ੋਰੈਂਸ ਜਾਣਕਾਰੀ**- ਤੁਹਾਨੂੰ ਜ਼ਰੂਰੀ ਤੌਰ 'ਤੇ ਆਪਣੇ ਇੰਸ਼ੋਰੈਂਸ ਬਰੋਕਰ/ਏਜੰਟ ਕੋਲੋਂ ਲਿਖਤੀ, ਦਸਤਖਤ ਕੀਤੀ ਗਈ ਪੁਸ਼ਟੀ ਪ੍ਰਾਪਤ ਕਰਨੀ ਹੋਵੇਗੀ ਕਿ ਤੁਹਾਡੀ ਇੰਸੋਰੈਂਸ ਪਾਲਿਸੀ ਤੁਹਾਡੇ ਨੁਕਸਾਨਾਂ ਦੀ ਪੂਰਤੀ ਨਹੀਂ ਕਰਦੀ। ਕਿਰਪਾ ਕਰਕੇ ਇਹ ਦਸਤਾਵੇਜ਼ AEMA ਕੇਸ ਮੈਨੇਜਰ ਨੂੰ ਉਪਲਬਧ ਕਰਵਾਉ, ਜਿਹੜਾ ਤੁਹਾਡੇ ਤੱਕ ਪਹੁੰਚ ਕਰੇਗਾ। ਪੱਤਰ 'ਚ ਜ਼ਰੂਰੀ ਤੌਰ 'ਤੇ ਇੰਸ਼ੋਰੈਂਸ ਲੈਣ ਵਾਲੀ ਧਿਰ ਦਾ ਨਾਂ, ਇੰਸ਼ੋਰੈਂਸ ਕੰਪਨੀ ਦਾ ਲੈਟਰਹੈੱਡ, ਨੁਕਸਾਨਗ੍ਰਸਤ ਪ੍ਰਾਪਰਟੀ ਦੀ ਲੁਕੇਸ਼ਨ, ਨੁਕਸਾਨ ਦੀ ਤਰੀਕ/ਤਰੀਕਾਂ, ਰਿਪੋਰਟ ਕੀਤੇ ਗਏ ਨੁਕਸਾਨ ਦੀ ਕਿਸਮ, ਅਤੇ ਤੁਹਾਡੇ ਇੰਸ਼ੋਰੈਂਸ ਕਲੇਮ ਦੇ ਨਤੀਜੇ, ਦਿੱਤੇ ਗਏ ਹੋਣ।

**ਹਾਨੀ ਅਤੇ ਨੁਕਸਾਨ ਦਾ ਵੇਰਵਾ**

ਸਾਡੀ ਕੇਸ ਮੈਨੇਜਮੈਂਟ ਅਤੇ ਇਵੈਲਿਊਏਸ਼ਨ ਟੀਮ ਨੂੰ ਆਪਣੀ ਸਥਿਤੀ ਦੇ ਪੁਨਰ-ਨਿਰੀਖਣ 'ਚ ਸਹਾਈ ਹੋਣ ਵਾਸਤੇ ਤਹਾਡਾ ਫੋਟੋਆਂ ਲੈਣਾ, ਰਸੀਦਾਂ ਰੱਖਣਾ ਅਤੇ ਉਪਲਬਧ ਰਹਿਣਾ ਮਹੱਤਵਪੂਰਨ ਹੈ। ਪ੍ਰਾਪਰਟੀ ਨੂੰ ਹੋਏ ਸਾਰੇ ਵੱਡੇ ਨੁਕਸਾਨ ਦੀ ਲਿਸਟ ਬਣਾਉ ਅਤੇ ਆਖਰੀ ਸਫੇ 'ਤੇ ਦਿੱਤੀ ਗਈ ਬਿਨੈਕਾਰ ਦੀ ਸਮੱਗਰੀ ਦੀ ਚੈੱਕਲਿਸਟ ਨੂੰ ਭਰੋ। ਸਾਡੇ ਮੁਲਾਂਕਣ-ਕਰਤਾ ਵੱਲੋਂ ਸਮੱਗਰੀ ਵਸਤਾਂ ਹੋਰ ਵਧਾਈਆਂ ਜਾ ਸਕਦੀਆਂ ਹਨ, ਜਦੋਂ ਉਹ ਤੁਹਾਨੂੰ ਆਨ-ਸਾਈਟ ਮਿਲਦੇ ਹਨ। ਜੇਕਰ ਹੇਠਾਂ ਦਿੱਤਾ ਗਿਆ ਸਥਾਨ ਕਾਫੀ ਨਹੀਂ ਤਾਂ ਤੁਸੀਂ ਇਕ ਲਿਸਟ ਨਾਲ ਨੱਥੀ ਕਰਕੇ ਮੁਹੱਈਆ ਕਰ ਸਕਦੇ ਹੋ। ਸਹਾਇਤਾ ਮੁੱਢਲੀਆਂ ਤੇ ਜ਼ਰੂਰੀ ਵਸਤਾਂ ਅਤੇ ਮੁਰੰਮਤ ਵਾਸਤੇ ਮੁਹੱਈਆ ਕੀਤੀ ਜਾਂਦੀ ਹੈ, ਜਿੰਨ੍ਹਾਂ ਲਈ ਇੰਸ਼ੋਰੈਂਸ ਝਟਪਟ ਅਤੇ ਵਾਜਬ ਰੂਪ 'ਚ ਉਪਲਬਧ ਨਹੀਂ, ਜਿਵੇਂ ਕਿ ਪ੍ਰਾਈਵੇਟ ਸੈਕਟਰ ਡਿਜ਼ਾਸਟਰ ਅਸਿਸਟੈਂਸ ਗਾਈਡਲਾਈਨਜ਼ (DAG) ਵਿਚ ਦੱਸਿਆ ਗਿਆ ਹੈ।

ਸਾਰ ਰੂਪ 'ਚ ਲਿਖੋ ਕਿ ਕੀ ਹੋਇਆ ਅਤੇ ਨੁਕਸਾਨ ਤੋਂ ਰਿਕਵਰ ਹੋਣ ਅਤੇ ਉਸ ਨਾਲ ਨਿਪਟਣ ਲਈ ਤੁਸੀਂ ਕੀ ਕੀਤਾ (ਮਿਸਾਲ ਵਜੋਂ ਘਟਨਾਂ ਨੇ ਤੁਹਾਡੀ ਪ੍ਰਾਪਰਟੀ 'ਤੇ ਕੀ ਅਸਰ ਪਾਇਆ ਅਤੇ ਘਟਨਾਂ ਤੋਂ ਬਾਦ ਸਾਫ-ਸਫਾਈ ਅਤੇ ਪੁਨਰ-ਸਥਾਪਤੀ ਲਈ ਤੁਸੀਂ ਕੀ ਕਦਮ ਉਠਾਏ, ਕਿਹੜੇ ਕਮਰੇ ਪ੍ਰਭਾਵਤ ਹੋਏ ਅਤੇ ਕਿਹੜੀ ਮੰਜ਼ਿਲ ਉੱਪਰ

(ਬੇਸਮੈਂਟ, ਮੇਨ, ਦੂਸਰਾ ਫਲੋਰ ਆਦਿ)

ਨੁਕਸਾਨਗ੍ਰਸਤ ਪ੍ਰਾਪਰਟੀ ਦੀ ਲਿਸਟ (ਉਸ ਸਮੱਗਰੀ ਨੂੰ ਛੱਡ ਕੇ, ਜਿਹੜੀ ਆਖਰੀ ਸਫੇ 'ਤੇ ਦਿੱਤੀ ਚੈੱਕਲਿਸਟ 'ਚ ਲਿਖੀ ਜਾ ਸਕਦੀ ਹੈ)

**ਅਸਥਾਈ ਰਿਹਾਇਸ਼** ਕੀ ਨੁਕਸਾਨਗ੍ਰਸਤ ਪ੍ਰਾਪਰਟੀ ਦੇ ਨਿਵਾਸੀ ਮੌਜੂਦਾ ਸਮੇਂ ਉਥੋਂ ਕੱਢ ਕੇ ਹੋਰ ਕਿਧਰੇ ਰੱਖੇ ਗਏ ਹਨ? ○ ਹਾਂ ○ ਨਹੀਂ

**ਸਾਫ ਸਫਾਈ** ਕੀ ਕੋਈ ਵਿਸ਼ੇਸ਼ ਹਾਲਾਤ ਹਨ ਜਿਹੜੇ ਪ੍ਰਾਪਰਟੀ ਦੀ ਸਫਾਈ ਕਰਨ ਤੋਂ ਰੋਕ ਰਹੇ ਹਨ (ਮਿਸਾਲ ਵਜੋਂ ਪ੍ਰਾਪਰਟੀ ਤੱਕ ਪਹੁੰਚ ਕਰਨ ਦੀ ਇਜਾਜ਼ਤ ਨਹੀਂ)? ○ ਹਾਂ ○ ਨਹੀਂ

ਜੇਕਰ ਹੈ ਤਾਂ ਦੱਸੋ:

**ਨੀਂਹ** ਕੀ ਬਿਲਡਿੰਗ ਦੀ ਨੀਂਹ ਨੂੰ ਘਟਨਾਂ ਨਾਲ ਸਬੰਧਤ ਕੋਈ ਨੁਕਸਾਨ ਹੋਇਆ ਹੈ (ਮਜ਼ਬੂਤੀ ਲਈ ਬਣਾਏ ਕੰਢੇ ਢਹਿ ਗਏ, ਨੀਂਹ ਦੀਆਂ ਕੰਧਾਂ ਝੁੱਕ ਗਈਆਂ ਜਾਂ ਤਰੇੜਾਂ ਆ ਗਈਆਂ)? ○ ਹਾਂ ○ ਨਹੀਂ

ਜੇਕਰ ਹੈ ਤਾਂ ਦੱਸੋ:

**ਬੈਕਅੱਪ** ਕੀ ਤੁਹਾਡੇ ਘਰ ਦੀ ਬਿਜਲੀ 'ਚ ਕੋਈ ਵਿਘਨ ਪਿਆ? ○ ਹਾਂ ○ ਨਹੀਂ

ਕੀ ਤੁਹਾਡਾ ਸਿਊਰ, ਫਲੋਰ ਡਰੇਨ ਜਾਂ ਸੰਪ ਪੰਪ ਬੈਕਅੱਪ ਹੋਇਆ? ○ ਹਾਂ ○ ਨਹੀਂ

ਜੇਕਰ ਹੈ ਤਾਂ ਦੱਸੋ:

☐ **ਮੈਂ/ਅਸੀਂ ਮਾਲਕ/ਕਿਰਾਏਦਾਰ/ਅਧਿਕਾਰਤ ਏਜੰਟ ਐਲਾਨ ਕਰਦਾ ਹਾਂ ਕਿ ਇਸ ਬਿਨੈ-ਪੱਤਰ 'ਚ ਮੁਹੱਈਆ ਕੀਤੀ ਗਈ ਸਾਰੀ ਜਾਣਕਾਰੀ ਸੱਚੀ ਹੈ ਅਤੇ, ਇਹ ਕਿ ਕੋਈ ਵੀ ਝੂਠੀ ਜਾਂ ਅਧੂਰੀ ਜਾਣਕਾਰੀ ਦਾ ਨਤੀਜਾ ਸਹਾਇਤਾ ਨੂੰ ਸਮਾਪਤ ਜਾਂ ਮੁਅੱਤਲ ਕਰਨਾਂ ਅਤੇ/ਜਾਂ ਪ੍ਰਾਪਤ ਕੀਤੀ ਗਈ ਸਹਾਇਤਾ ਦਾ ਵਾਪਸ ਭੁਗਤਾਨ ਕਰਨਾਂ ਹੋ ਸਕਦਾ ਹੈ।**

☐ **ਮੈਂ/ਅਸੀਂ ਮਿਨਿਸਟਰ ਆਫ ਮਿਊਂਸਿਪਲ ਅਫੇਰਅਜ਼ ਅਤੇ AEMA ਨੂੰ ਲੁਕੇਸ਼ਨ ਦਾ ਜ਼ਮੀਨੀ ਐਡਰੈੱਸ ਅਤੇ ਲੀਗਲ ਭੂੰਮੀ ਵਿਸਥਾਰ, ਜਿੱਥੇ ਨੁਕਸਾਨ ਜਾਂ ਹਾਨੀ ਹੋਈ ਹੈ, ਜਨਤਕ ਤੌਰ 'ਤੇ ਉਪਲਬਧ ਕਰਵਾਉਣ ਲਈ ਅਧਿਕਾਰਤ ਕਰਦਾ ਹਾਂ। ਪ੍ਰਾਈਵੇਟ ਸੈਕਟਰ ਡਿਜ਼ਾਸਟਰ ਅਸਿਸਟੈਂਸ ਗਾਈਡਲਾਈਨਾਂ ਤਹਿਤ AEMA ਘਰ ਮਾਲਕ ਬਿਨੈਕਾਰਾਂ ਨੂੰ ਸਹਾਇਤਾ ਦੇਣ ਤੋਂ ਨਾਂਹ ਕਰ ਸਕਦੀ ਹੈ, ਭਾਵੇਂ ਕਿ ਬਿਨੈਕਾਰ ਉਂਜ ਯੋਗ ਵੀ ਬਣਦੇ ਹੋਣ, ਜਿੰਨਾਂ ਚਿਰ ਕਿ ਬਿਨੈਕਾਰ ਉਸ ਥਾਂ, ਜਿੱਥੇ ਨੁਕਸਾਨ ਜਾਂ ਹਾਨੀ ਹੋਈ ਹੈ, ਦਾ ਜ਼ਮੀਨੀ ਲੁਕੇਸ਼ਨ ਐਡਰੈੱਸ ਅਤੇ ਲੀਗਲ ਭੂੰਮੀ ਵਿਸਥਾਰ ਅਤੇ ਪ੍ਰਦਾਨ ਕੀਤੀ ਗਈ ਸਹਾਇਤਾ ਨੂੰ ਜਨਤਕ ਤੌਰ 'ਤੇ ਉਪਲਬਧ ਕਰਨ ਲਈ AEMA ਨੂੰ ਅਧਿਕਾਰਤ ਕਰਨ ਲਈ ਸਹਿਮਤੀ ਪ੍ਰਗਟ ਨਹੀਂ ਕਰਦਾ।**

☐ *ਕਿਰਪਾ ਕਰਕੇ ਸਹੀ ਲਗਾਉ, ਜੇਕਰ ਲੋੜੀਂਦੇ ਡਿਜੀਟਲ ਦਸਤਖਤਾਂ ਤੱਕ ਤੁਹਾਡੀ ਪਹੁੰਚ ਹੈ ਅਤੇ ਤੁਸੀਂ ਇਹ ਦਸਤਾਵੇਜ਼ ਇਲੈਕ੍ਟ੍ਰਾਨਿਕਲੀ ਦਸਤਖਤ ਕਰਨਾਂ ਤੇ ਦਾਖਲ ਕਰਨਾਂ ਚਾਹੁੰਦੇ ਹੋ।*

| ਤਰੀਕ ਸਾਲ – ਮਹੀਨਾ - ਦਿਨ | ਬਿਨੈਕਾਰ ਦਾ ਲਿਖਿਆ ਨਾਂ | ਬਿਨੈਕਾਰ ਦੇ ਦਸਤਖਤ |
|---|---|---|
| ਤਰੀਕ ਸਾਲ – ਮਹੀਨਾ - ਦਿਨ | ਸਹਿ-ਬਿਨੈਕਾਰ ਦਾ ਲਿਖਿਆ ਨਾਂ | ਸਹਿ-ਬਿਨੈਕਾਰ ਦੇ ਦਸਤਖਤ |
| ਤਰੀਕ ਸਾਲ – ਮਹੀਨਾ - ਦਿਨ | ਅਧਿਕਾਰਤ ਏਜੰਟ ਦਾ ਲਿਖਿਆ ਨਾਂ | ਅਧਿਕਾਰਤ ਏਜੰਟ ਦੇ ਦਸਤਖਤ |

## Office Use Only

☐ Reviewed Program Handout with Applicant ☐ Send for Evaluation

Initial: ____ Date yyyy-mm-dd: ____

☐ Duplicate Funding and Overpayments Discussed with Applicant

Special Circumstances Application (specify): ____

Date Received yyyy-mm-dd: ____

Comments: ____

Application #

# ਜਾਣਕਾਰੀ ਰਿਲੀਜ਼ ਕਰਨ ਲਈ ਡਿਜ਼ਾਸਟਰ ਰਿਕਵਰੀ ਪ੍ਰੋਗਰਾਮ ਕਾਨਸੈਂਟ

ਮੈਂ/ਅਸੀਂ,--------------------------, ਐਲਬਰਟਾ ਐਮਰਜੈਂਸੀ ਮੈਨੇਜਮੈਂਟ ਏਜੰਸੀ (AEMA) ਅਤੇ/ਜਾਂ AEMA ਵੱਲੋਂ ਉਸ ਵਾਸਤੇ ਡਿਜ਼ਾਸਟਰ ਰਿਕਵਰੀ ਪ੍ਰੋਗਰਾਮ ਨੂੰ ਚਲਾ ਰਹੇ ਕਿਸੇ ਕਾਂਟਰੈਕਟ ਸੇਵਾ ਪ੍ਰਦਾਨ-ਕਰਤਾ ਵੱਲੋਂ ਹੇਠ ਲਿਖੀ ਨਿੱਜੀ ਜਾਣਕਾਰੀ ਇਕੱਤਰ ਕਰਨ, ਵਰਤਣ ਅਤੇ ਅਗਾਂਹ ਦੱਸਣ ਲਈ ਅਧਿਕਾਰਤ ਕਰਦਾ/ਕਰਦੇ ਹਾਂ, ਜਿਹੜੀ ਜਾਣਕਾਰੀ ਸਹਾਇਤਾ ਵਾਸਤੇ ਦਿੱਤੇ ਮੇਰੇ ਬਿਨੈ-ਪੱਤਰ ਦੇ ਨਿਪਟਾਰੇ ਵਾਸਤੇ ਲੋੜੀਂਦੀ ਹੈ:

- ਨਿੱਜੀ ਸੰਪਰਕ ਜਾਣਕਾਰੀ
- ਇੰਸ਼ੋਰੈਂਸ ਕਵਰੇਜ ਬਾਰੇ ਜਾਣਕਾਰੀ
- ਪ੍ਰਾਪਰਟੀ ਟੈਕਸ ਅਸੈੱਸਮੈਂਟ
- ਬਿਜ਼ਨਸ ਰਿਕਾਰਡ
- ਯੂਟਿਲਿਟੀ ਰਿਕਾਰਡ
- ਹੋਰ ਨਿੱਜੀ ਪਛਾਣ ਸਬੰਧੀ ਜਾਣਕਾਰੀ, ਸਮੇਤ ਕੁਟੇਸ਼ਨਾਂ, ਇੰਨਵਾਇਸਾਂ, ਰਸੀਦਾਂ, ਪ੍ਰਮਿੱਟ, ਵਰਕ ਸਟੇਟਸ ਦਸਤਾਵੇਜ਼, ਜਾਂ ਹੋਰ ਜਾਣਕਾਰੀ, ਜੋ ਇਸ ਬਿਨੈ-ਪੱਤਰ ਨਾਲ ਸਬੰਧਤ ਹੈ
- ਕਿਰਾਏਦਾਰ ਦੀ ਲੀਜ਼ ਕਰਨ ਦੀ ਜਾਣਕਾਰੀ

ਮੈਂ/ਅਸੀਂ ਸਮਝਦਾ/ਸਮਝਦੇ ਹਾਂ ਕਿ ਇਹ ਨਿੱਜੀ ਜਾਣਕਾਰੀ ਐਲਬਰਟਾ ਡਿਜ਼ਾਸਟਰ ਰਿਕਵਰੀ ਪ੍ਰੋਗਰਾਮ ਤਹਿਤ ਸਹਾਇਤਾ ਵਾਸਤੇ ਦਿੱਤੇ ਗਏ ਮੇਰੇ ਬਿਨੈ-ਪੱਤਰ ਦੇ ਨਿਪਟਾਰੇ ਵਾਸਤੇ AEMA ਜਾਂ ਉਨ੍ਹਾਂ ਦੇ ਸੇਵਾ ਪ੍ਰਦਾਨ-ਕਰਤਾ ਵੱਲੋਂ ਅਗਾਂਹ ਦੱਸੀ ਜਾ ਸਕਦੀ ਹੈ, ਐਪਰ ਮੇਰੀ ਨਿੱਜੀ ਜਾਣਕਾਰੀ ਦਾ ਖੁਲਾਸਾ ਫਰੀਡਮ ਆਫ ਇੰਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ (*FOIP*) ਐਕਟ ਦੀਆਂ ਗੁਪਤਤਾ ਦੀਆਂ ਧਰਾਵਾਂ ਦੇ ਅਨੁਸਾਰ ਹੀ ਕੀਤਾ ਜਾਵੇਗਾ।

ਮੈਂ/ਅਸੀਂ ਸਮਝਦਾ/ਸਮਝਦੇ ਹਾਂ ਕਿ ਜੇਕਰ ਗਰਾਂਟ ਵਾਸਤੇ ਮੇਰਾ ਬਿਨੈ-ਪੱਤਰ ਮਨਜ਼ੂਰ ਹੋ ਜਾਂਦਾ ਹੈ ਤਾਂ ਮੇਰਾ ਨਾਂ, ਗਰਾਂਟ ਪ੍ਰੋਗਰਾਮ ਅਤੇ ਗਰਾਂਟ ਦੀ ਰਕਮ ਗਵਰਨਮੈਂਟ ਆਫ ਐਲਬਰਟਾ ਗਰਾਂਟ ਡਿਸਕਲੋਜ਼ਰ ਪੋਰਟਲ ‘ਤੇ ਛਾਪੇ ਜਾ ਸਕਦੇ ਹਨ, ਜਿਵੇਂ ਕਿ *FOIP* ਐਕਟ ਦੇ ਸੈਕਸ਼ਨ 40 (1) (ਬੀ) ਅਤੇ (ਐੱਫ) ‘ਚ ਇਸਦੇ ਅਧਿਕਾਰ ਪ੍ਰਾਪਤ ਹਨ।

ਮੈਂ/ਅਸੀਂ ਮੰਨਦਾ/ਮੰਨਦੇ ਹਾਂ ਕਿ ਇਸ ਬਿਨੈ-ਪੱਤਰ ਨਾਲ ਸਿੱਧਿਆਂ ਜਾਂ ਅਸਿੱਧਿਆਂ ਸਬੰਧਤ ਕੋਈ ਵੀ ਵਧੀਕ (ਡੁਪਲੀਕੇਟ) ਫੰਡਿੰਗ, ਜੋ ਮੈਨੂੰ ਕਿਸੇ ਵੀ ਹੋਰ ਸਰੋਤ (ਮਿਸਾਲ ਵਜੋਂ , ਰੈੱਡ ਕਰਾਸ ਜਾਂ ਇੰਸ਼ੋਰੈਂਸ) ਤੋਂ ਪ੍ਰਾਪਤ ਹੋਵੇਗੀ, ਉਸ ਦਾ ਖੁਲਾਸਾ AEMA ਕੋਲ ਕਰਾਂਗਾ। ਮੈਂ ਸਮਝਦਾ ਹਾਂ ਕਿ ਮੇਰੇ ਵੱਲੋਂ ਕਿਸੇ ਵਧੀਕ ਫੰਡਿੰਗ, ਜੋ ਮੈਨੂੰ ਪ੍ਰਾਪਤ ਹੋਈ, ਦਾ ਖੁਲਾਸਾ ਨਾ ਕਰਨ ਨਾਲ AEMA ਦੁਆਰਾ ਮੈਨੂੰ ਓਵਰ ਪੇਮੈਂਟ ਹੋ ਜਾਵੇਗੀ, ਜਿਸ ਨੂੰ ਵਾਪਸ ਮੋੜਨ ਲਈ ਮੈਂ ਜ਼ਿੰਮੇਵਾਰ ਹੋਵਾਂਗਾ/ਹੋਵਾਂਗੀ।

☐ *ਕਿਰਪਾ ਕਰਕੇ ਸਹੀ ਲਗਾਉ, ਜੇਕਰ ਲੋੜੀਂਦੇ ਡਿਜੀਟਲ ਦਸਤਖਤਾਂ ਤੱਕ ਤੁਹਾਡੀ ਪਹੁੰਚ ਹੈ ਅਤੇ ਤੁਸੀਂ ਇਹ ਦਸਤਾਵੇਜ਼ ਇਲੈਕ੍ਰਾਨਿਕਲੀ ਦਸਤਖਤ ਕਰਨਾਂ ਤੇ ਦਾਖਲ ਕਰਨਾਂ ਚਾਹੁੰਦੇ ਹੋ।*

| | | |
|---|---|---|
| ਤਰੀਕ ਸਾਲ – ਮਹੀਨਾ - ਦਿਨ | ਬਿਨੈਕਾਰ ਦਾ ਲਿਖਿਆ ਨਾਂ | ਬਿਨੈਕਾਰ ਦੇ ਦਸਤਖਤ |
| ਤਰੀਕ ਸਾਲ – ਮਹੀਨਾ - ਦਿਨ | ਸਹਿ-ਬਿਨੈਕਾਰ ਦਾ ਲਿਖਿਆ ਨਾਂ | ਸਹਿ-ਬਿਨੈਕਾਰ ਦੇ ਦਸਤਖਤ |
| ਤਰੀਕ ਸਾਲ – ਮਹੀਨਾ - ਦਿਨ | ਅਧਿਕਾਰਤ ਏਜੰਟ ਦਾ ਲਿਖਿਆ ਨਾਂ | ਅਧਿਕਾਰਤ ਏਜੰਟ ਦੇ ਦਸਤਖਤ |